# ''ਇੱਕੋ ਬਪਤਿਸਮਾ''

ਪੌਲੁਸ ਨੇ ਲਿਖਿਆ ਹੈ ਕਿ ''ਇੱਕੋ ਬਪਤਿਸਮਾ'' ਹੈ (ਅਫ਼ਸੀਆਂ 4:5)। ਆਮ ਤੌਰ ਤੇ ਇਸ ''ਇੱਕੋ ਬਪਤਿਸਮੇ'' ਨੂੰ ਪਾਉਣ ਲਈ ਮੰਨੇ ਜਾਣ ਵਾਲੇ ਦੋ ਬਪਤਿਸਮੇ ਹਨ, ਪਵਿੱਤਰ ਆਤਮਾ ਦਾ ਬਪਤਿਸਮਾ ਅਤੇ ਪਾਣੀ ਦਾ ਬਪਤਿਸਮਾ। ਇਨ੍ਹਾਂ ਦੋਹਾਂ ਬਪਤਿਸਮਿਆਂ ਵਿਚ ਤੁਲਨਾ ਕਰਕੇ ਅਸੀਂ ਉਸ ''ਇੱਕੋ ਬਪਤਿਸਮੇ'' ਨੂੰ ਸਮਝ ਸਕਦੇ ਹਾਂ ਜੋ ਉਸ ਸਮੇਂ ਲਾਗੂ ਸੀ ਜਦ ਪੌਲੁਸ ਨੇ ਅਫ਼ਸੀਆਂ ਦੀ ਕਿਤਾਬ ਲਿਖੀ ਸੀ ਅਤੇ ਆਉਣ ਵਾਲੀਆਂ ਸਦੀਆਂ ਵਿਚ ਸਭ ਲਈ ਰਹੇਗਾ। ਹੇਠਾਂ ਦਿੱਤੇ ਸਵਾਲਾਂ ਦੇ ਜਵਾਬਾਂ ਤੋਂ ਸਾਨੂੰ ਇਕ ਨਿਚੋੜ ਕੱਢਣ ਵਿਚ ਮਦਦ ਮਿਲੇਗੀ:

1. *ਪਵਿੱਤਰ ਆਤਮਾ ਦਾ ਬਪਤਿਸਮਾ ਕੌਣ ਦਿੰਦਾ ਸੀ ਅਤੇ ਪਾਣੀ ਦਾ ਬਪਤਿਸਮਾ ਕੌਣ ਦਿੰਦਾ ਸੀ?*

ਯੂਹੰਨਾ ਕਹਿੰਦਾ ਸੀ ਕਿ ਉਹਦੇ ਬਾਅਦ ਆਉਣ ਵਾਲਾ ਭਾਵ ਯਿਸੂ ਪਵਿੱਤਰ ਆਤਮਾ ਨਾਲ ਬਪਤਿਸਮਾ ਦੇਵੇਗਾ (ਮੱਤੀ 3:11)। ਯਿਸੂ ਨੇ ਆਪਣੇ ਚੇਲਿਆਂ ਨੂੰ ਸਭ ਕੌਮਾਂ ਦੇ ਲੋਕਾਂ ਨੂੰ ਬਪਤਿਸਮਾ ਦੇ ਕੇ ਚੇਲੇ ਬਣਾਉਣ ਦਾ ਹੁਕਮ ਦਿੱਤਾ (ਮੱਤੀ 28:19)। ਮਨੁੱਖ ਵੱਲੋਂ ਦਿੱਤਾ ਜਾਣ ਵਾਲਾ ਕੋਈ ਵੀ ਬਪਤਿਸਮਾ ਪਾਣੀ ਦਾ ਹੀ ਬਪਤਿਸਮਾ ਹੈ, ਕਿਉਂਕਿ ਮਨੁੱਖ ਨੇ ਪਵਿੱਤਰ ਆਤਮਾ ਦਾ ਬਪਤਿਸਮਾ ਨਹੀਂ ਦਿੱਤਾ ਅਤੇ ਨਾ ਦੇ ਹੀ ਸਕਦਾ ਹੈ। ਇਹਦੇ ਇਲਾਵਾ ਯਿਸੂ ਨੇ ਪਾਣੀ ਦਾ ਬਪਤਿਸਮਾ ਨਹੀਂ ਦਿੱਤਾ (ਯੂਹੰਨਾ 4:2) ਭਾਵ ਯਿਸੂ ਵੱਲੋਂ ਦਿੱਤਾ ਜਾਣ ਵਾਲਾ ਬਪਤਿਸਮਾ ਪਵਿੱਤਰ ਆਤਮਾ ਦਾ ਹੀ ਬਪਤਿਸਮਾ ਹੈ।

2. *ਪਵਿੱਤਰ ਆਤਮਾ ਦਾ ਬਪਤਿਸਮਾ ਕਿਹਦੇ ਲਈ ਸੀ ਅਤੇ ਪਾਣੀ ਦਾ ਬਪਤਿਸਮਾ ਕਿਸ ਨੂੰ ਦਿੱਤਾ ਜਾਣਾ ਸੀ?*

ਪਵਿੱਤਰ ਆਤਮਾ ਦਾ ਬਪਤਿਸਮਾ ਦੇਣ ਦਾ ਵਾਅਦਾ ਸਿਰਫ਼ ਰਸੂਲਾਂ ਨਾਲ ਕੀਤਾ ਗਿਆ ਸੀ। ਪੜਨਾਵਾਂ ਤੇ ਵਿਚਾਰ ਕਰਦਿਆਂ, ਰਸੂਲਾਂ ਨੂੰ ਵੇਖਿਆ ਜਾ ਸਕਦਾ ਹੈ, ਕਿ ਰਸੂਲਾਂ ਦੇ ਕੰਮ 1:2–5 ਵਿਚ ਯਿਸੂ ਉਨ੍ਹਾਂ ਨਾਲ ਗੱਲ ਕਰ ਰਿਹਾ ਸੀ। ਯਿਸੂ ਨੇ ਹੁਕਮ ''ਰਸੂਲਾਂ'' ਨੂੰ ਹੀ ਦਿੱਤੇ ਸਨ (ਆਇਤ 2)। ਉਸ ਨੇ ਚਾਲੀ ਦਿਨ ਤਕ ''ਉਨ੍ਹਾਂ ਨੂੰ'' ਹੀ ਵਿਖਾਈ ਦਿੰਦੇ ਰਹਿ ਕੇ ''ਆਪਣੇ ਆਪ ਨੂੰ ਉਨ੍ਹਾਂ ਨੂੰ'' ਜ਼ਿੰਦਾ ਵਿਖਾਇਆ ਸੀ (ਆਇਤ 3) ਅਤੇ ਉਨ੍ਹਾਂ ਨਾਲ ਭਾਵ ਰਸੂਲਾਂ ਨਾਲ ਹੀ ਮਿਲ ਕੇ ਉਸ ਨੇ ''ਉਨ੍ਹਾਂ ਨੂੰ'' ਪਿਤਾ ਦੇ ਵਾਅਦੇ ਦੀ ਉਡੀਕ ਕਰਨ ਲਈ ਆਖਿਆ ਸੀ (ਆਇਤ 4) ਅਤੇ ਕਿਹਾ ਸੀ ਕਿ ''ਥੋੜ੍ਹੇ ਦਿਨਾਂ ਬਾਅਦ ਤੁਹਾਨੂੰ ਪਵਿੱਤਰ ਆਤਮਾ ਨਾਲ ਬਪਤਿਸਮਾ ਦਿੱਤਾ ਜਾਵੇਗਾ'' (ਆਇਤ 5)।

ਇਸ ਤੋਂ ਪਹਿਲਾਂ ਪ੍ਰਭੂ ਭੋਜ ਦੌਰਾਨ (ਯੂਹੰਨਾ 13:2, 4), ਯਿਸੂ ਨੇ ਆਪਣੇ ਚੇਲਿਆਂ ਨਾਲ ਨਿੱਜੀ ਤੌਰ ਤੇ ਗੱਲਬਾਤ ਕੀਤੀ ਸੀ (ਮੱਤੀ 26:20; ਲੂਕਾ 22:14)। ਉਸ ਨੇ ਵਾਅਦਾ ਕੀਤਾ ਸੀ ਕਿ ਉਨ੍ਹਾਂ ਨੂੰ ਪਵਿੱਤਰ ਆਤਮਾ ਦਿੱਤਾ ਜਾਵੇਗਾ। ਆਤਮਾ ਨੇ ਉਨ੍ਹਾਂ ਨੂੰ ਉਹ ਸਭ ਗੱਲਾਂ ਸਿਖਾਉਣੀਆਂ ਸਨ, ਉਹ ਸਭ ਗੱਲਾਂ ਯਾਦ ਕਰਾਉਣੀਆਂ ਸਨ ਜੋ ਯਿਸੂ ਨੇ ਉਨ੍ਹਾਂ ਨਾਲ ਕੀਤੀਆਂ ਸਨ, ਅਤੇ ਸਾਰੀ ਸੱਚਾਈ ਵਿਚ ਉਨ੍ਹਾਂ ਦੀ ਅਗਵਾਈ ਕਰਨੀ ਸੀ (ਯੂਹੰਨਾ 14:25, 26; 15:26; 16:12, 13)।

ਪੈਂਟੀਕਾਸਟ ਵਾਲੇ ਦਿਨ ਪਵਿੱਤਰ ਆਤਮਾ ਰਸੂਲਾਂ ਨੂੰ ਹੀ ਮਿਲਿਆ ਸੀ। ਰਸੂਲਾਂ ਦੇ ਕੰਮ 1:26 ਵਿਚ ਉਨ੍ਹਾਂ ਦਾ ਜ਼ਿਕਰ ਹੈ ਅਤੇ ਇਸੇ ਕਰਕੇ ਰਸੂਲਾਂ ਦੇ ਕੰਮ 2:1 ਵਿਚ ''ਉਹ'' ਉਨ੍ਹਾਂ ਨੂੰ ਹੀ ਕਿਹਾ ਗਿਆ ਹੈ। ਇਸ ਦੇ ਇਲਾਵਾ ਰਸੂਲ ਹੀ ਲੋਕਾਂ ਸਾਹਮਣੇ ਖੜੇ ਸਨ (ਰਸੂਲਾਂ ਦੇ ਕੰਮ 2:14)। ਭੀੜ ਵਿੱਚੋਂ ਲੋਕਾਂ ਨੇ ਰਸੂਲਾਂ ਤੋਂ ਹੀ ਪੁੱਛਿਆ ਸੀ ਕਿ ਉਹ ਕੀ ਕਰਨ (ਰਸੂਲਾਂ ਦੇ ਕੰਮ 2:6, 37)।

ਬੇਸ਼ੱਕ ਪਵਿੱਤਰ ਆਤਮਾ ਦਾ ਬਪਤਿਸਮਾ ਰਸੂਲਾਂ ਲਈ ਸੀ ਪਰ ਖ਼ੁਦਾ ਨੇ ਗ਼ੈਰ ਕੌਮਾਂ ਵਿੱਚੋਂ ਸਭ ਤੋਂ ਪਹਿਲਾਂ ਬਣਨ ਵਾਲੇ ਮਸੀਹੀ ਲੋਕਾਂ ਨੂੰ ਵੀ ਪਵਿੱਤਰ ਆਤਮਾ ਨਾਲ ਬਪਤਿਸਮਾ ਦੇ ਕੇ ਇਕ ਅਪਵਾਦ ਬਣਾ ਦਿੱਤਾ ਸੀ। ਇਸ ਤੋਂ ਇਹ ਪਤਾ ਲਗਦਾ ਹੈ ਕਿ ਖ਼ੁਦਾ ਗ਼ੈਰ ਕੌਮਾਂ ਨੂੰ ਦੂਜੇ ਦਰਜੇ ਦੇ ਮਸੀਹੀ ਨਹੀਂ ਬਲਕਿ ਯਹੂਦੀਆਂ ਨਾਲ ਬਰਾਬਰ ਦੇ ਮਸੀਹੀ ਮੰਨੇਗਾ (ਰਸੂਲਾਂ ਦੇ ਕੰਮ 11:15–17)। ਬਾਈਬਲ ਵਿਚ ਪਵਿੱਤਰ ਆਤਮਾ ਤੋਂ ਬਪਤਿਸਮਾ ਪਾਉਣ ਵਾਲੇ ਲੋਕਾਂ ਵਿਚ ਸਿਰਫ਼ ਰਸੂਲਾਂ ਦਾ, ਆਪਣੇ ਪਰਿਵਾਰ ਅਤੇ ਦੋਸਤਾਂ ਨਾਲ ਕੁਰਨੇਲਿਉਸ ਦਾ ਹੀ ਨਾਂਅ ਲਿਆ ਗਿਆ ਹੈ। ਅਸੀਂ ਮੰਨ ਸਕਦੇ ਹਾਂ ਕਿ ਪੌਲੁਸ ਨੂੰ ਵੀ ਪਵਿੱਤਰ ਆਤਮਾ ਦਾ ਬਪਤਿਸਮਾ ਦਿੱਤਾ ਗਿਆ ਸੀ, ਕਿਉਂਕਿ ਉਸ ਨੇ ਕਿਹਾ ਕਿ ''ਮੈਂ ਭਾਵੇਂ ਕੁਝ ਨਹੀਂ ਹਾਂ ਤਾਂ ਵੀ ਉਨ੍ਹਾਂ ਮਹਾਨ ਰਸੂਲਾਂ ਤੋਂ ਕੁਝ ਘੱਟ ਨਹੀਂ ਹਾਂ'' (2 ਕੁਰਿੰਥੀਆਂ 12:11)।

ਯਿਸੂ ਨੇ ਕਿਹਾ ਸੀ ਕਿ ਪਾਣੀ ਦਾ ਬਪਤਿਸਮਾ ਪੂਰੀ ਦੁਨੀਆਂ ਦੇ ਲੋਕਾਂ ਅਤੇ ਹਰ ਕੌਮ ਲਈ ਸੀ (ਮੱਤੀ 28:19; ਮਰਕੁਸ 16:15, 16)। ਜਿੱਥੇ ਵੀ ਇੰਜੀਲ ਦਾ ਪ੍ਰਚਾਰ ਕੀਤਾ ਗਿਆ, ਉੱਥੇ ਲੋਕਾਂ ਨੂੰ ਪਾਣੀ ਦਾ ਬਪਤਿਸਮਾ ਦਿੱਤਾ ਗਿਆ (ਰਸੂਲਾਂ ਦੇ ਕੰਮ 2:41; 8:12, 38, 39; 9:18; 10:47, 48; 16:15, 33; 19:5), ਨਾ ਕਿ ਪਵਿੱਤਰ ਆਤਮਾ ਦਾ। ਪਤਰਸ ਦੇ ਲੇਖਾਂ (1 ਪਤਰਸ 3:21) ਅਤੇ ਪੌਲੁਸ ਦੀਆਂ ਪੱਤਰੀਆਂ ਤੋਂ ਸੰਕੇਤ ਮਿਲਦਾ ਹੈ ਕਿ ਮਸੀਹੀ ਬਣਨ ਵਾਲੇ ਸਭ ਲੋਕਾਂ ਨੂੰ ਪਾਣੀ ਦਾ ਹੀ ਬਪਤਿਸਮਾ ਦਿੱਤਾ ਗਿਆ ਸੀ (ਰੋਮੀਆਂ 6:3, 4; 1 ਕੁਰਿੰਥੀਆਂ 1:13; ਗਲਾਤੀਆਂ 3:27; ਕੁਲੁੱਸੀਆਂ 2:12)।

3. *ਪਵਿੱਤਰ ਆਤਮਾ ਦਾ ਬਪਤਿਸਮਾ ਕਿਵੇਂ ਦਿੱਤਾ ਜਾਂਦਾ ਸੀ ਅਤੇ ਪਾਣੀ ਦਾ ਬਪਤਿਸਮਾ ਕਿਵੇਂ ਦਿੱਤਾ ਜਾਂਦਾ ਸੀ?*

ਪਵਿੱਤਰ ਆਤਮਾ ਦਾ ਬਪਤਿਸਮਾ ਪ੍ਰਭੂ ਨੇ ਦਿੱਤਾ ਸੀ, ਜਿਸ ਨੇ ਰਸੂਲਾਂ ਅਤੇ ਸਭ ਤੋਂ ਪਹਿਲੇ ਗ਼ੈਰ ਕੌਮ ਮਸੀਹੀਆਂ ਉੱਤੇ ਪਵਿੱਤਰ ਆਤਮਾ ਵਹਾਇਆ ਸੀ (ਰਸੂਲਾਂ ਦੇ ਕੰਮ 2:4, 17; 10:45)। ਪਾਣੀ ਦਾ ਬਪਤਿਸਮਾ ਮਨੁੱਖਾਂ ਦੇ ਹੱਥੀਂ ਪਾਣੀ ਵਿਚ ਦਫ਼ਨਾ ਕੇ ਅਤੇ ਪਾਣੀ ਵਿੱਚੋਂ ਬਾਹਰ ਕੱਢ ਕੇ ਦਿੱਤਾ ਜਾਂਦਾ ਸੀ (ਰਸੂਲਾਂ ਦੇ ਕੰਮ 8:38, 39; ਰੋਮੀਆਂ 6:4; ਕੁਲੁੱਸੀਆਂ 2:12)।

4. *ਪਵਿੱਤਰ ਆਤਮਾ ਦਾ ਬਪਤਿਸਮਾ ਅਤੇ ਪਾਣੀ ਦਾ ਬਪਤਿਸਮਾ ਕਿਸ ਨਾਮ ਨਾਲ ਦਿੱਤਾ ਜਾਂਦਾ ਸੀ?*

ਯਿਸੂ ਨੇ ਕਿਹਾ ਸੀ ਕਿ ਪਿਤਾ ਯਿਸੂ ਦੇ ਨਾਮ ਵਿਚ ਪਵਿੱਤਰ ਆਤਮਾ ਨੂੰ ਭੇਜੇਗਾ, ਜਿਸ ਤੋਂ ਭਾਵ ਸੀ ਕਿ ਯਿਸੂ ਦੇ ਅਖ਼ਤਿਆਰ ਨਾਲ ਭੇਜੇਗਾ (ਯੂਹੰਨਾ 14:26)। ਯਿਸੂ ਨੇ ਆਪਣੇ ਚੇਲਿਆਂ ਨੂੰ ''ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿਚ'' ਪਾਣੀ ਦਾ ਬਪਤਿਸਮਾ ਦੇਣ ਦੀ ਹਦਾਇਤ ਕੀਤੀ (ਮੱਤੀ 28:19)। ਅਜਿਹਾ ਕਰਕੇ ਉਨ੍ਹਾਂ ਨੇ ਯਿਸੂ ਦੇ ਅਖ਼ਤਿਆਰ ਨਾਲ ਭਾਵ ਉਹਦੇ ਨਾਂਅ ਵਿਚ ਪਾਣੀ ਦਾ ਬਪਤਿਸਮਾ ਦਿੱਤਾ।

5. *ਪਵਿੱਤਰ ਆਤਮਾ ਦਾ ਬਪਤਿਸਮਾ ਅਤੇ ਪਾਣੀ ਦਾ ਬਪਤਿਸਮਾ ਪਾਉਣ ਲਈ ਕੀ ਸ਼ਰਤਾਂ ਸਨ?*

ਰਸੂਲਾਂ ਲਈ ਪਵਿੱਤਰ ਆਤਮਾ ਦਾ ਬਪਤਿਸਮਾ ਪਾਉਣ ਤੋਂ ਪਹਿਲਾਂ ਯਰੂਸ਼ਲਮ ਵਿਚ ਉਡੀਕ ਕਰਨੀ ਜ਼ਰੂਰੀ ਸੀ (ਰਸੂਲਾਂ ਦੇ ਕੰਮ 1:4, 5)। ਕੁਰਨੇਲਿਉਸ, ਜਾਂ ਉਸ ਦੇ ਪਰਿਵਾਰ ਅਤੇ ਦੋਸਤਾਂ ਵਿੱਚੋਂ ਕਿਸੇ ਨੂੰ ਵੀ ਅਜਿਹੀ ਉਡੀਕ ਕਰਨ ਦੀ ਲੋੜ ਨਹੀਂ ਸੀ। ਖ਼ੁਦਾ ਨੇ ਉਨ੍ਹਾਂ ਵੱਲੋਂ ਬਿਨਾਂ ਕੋਈ ਯੋਗਤਾ ਪੂਰੀ ਕੀਤੇ ਸਿੱਧੇ ਆਤਮਾ ਭੇਜ ਦਿੱਤਾ।

ਪਾਣੀ ਦਾ ਬਪਤਿਸਮਾ ਪਾਉਣ ਲਈ ਸਾਡੇ ਵਾਸਤੇ ਖ਼ੁਦਾ ਦਾ ਵਚਨ ਸੁਣਨਾ (ਰਸੂਲਾਂ ਦੇ ਕੰਮ 8:12; 18:8), ਯਿਸੂ ਵਿਚ ਵਿਸ਼ਵਾਸ ਲਿਆਉਣਾ (ਮਰਕੁਸ 16:16), ਤੌਬਾ ਕਰਨਾ (ਰਸੂਲਾਂ ਦੇ ਕੰਮ 2:38) ਅਤੇ ਯਿਸੂ ਵਿਚ ਵਿਸ਼ਵਾਸ ਦਾ ਇਕਰਾਰ ਕਰਨਾ (ਰੋਮੀਆਂ 10:9, 10) ਜ਼ਰੂਰੀ ਹੈ। ਜਿਨ੍ਹਾਂ ਲੋਕਾਂ ਨੇ ਇਹ ਸਭ ਸ਼ਰਤਾਂ ਪੂਰੀਆਂ ਕਰ ਲਈਆਂ ਹਨ ਉਨ੍ਹਾਂ ਨੂੰ ਉਡੀਕ ਕਰਨ ਦੀ ਲੋੜ ਨਹੀਂ ਹੈ (ਰਸੂਲਾਂ ਦੇ ਕੰਮ 2:41; 8:12, 35–39; 16:33; 22:16; ਵੇਖੋ 9:18)।

6. *ਇਹ ਬਪਤਿਸਮੇ ਕਿਸ ਅਧਾਰਤ ਤੇ ਮਿਲਦੇ ਹਨ?*

ਪਵਿੱਤਰ ਆਤਮਾ ਦਾ ਬਪਤਿਸਮਾ ਇਕ ਵਾਅਦੇ ਦੇ ਰੂਪ ਵਿਚ ਦਿੱਤਾ ਗਿਆ ਸੀ (ਰਸੂਲਾਂ ਦੇ ਕੰਮ 1:4, 5)। ਪਾਣੀ ਦਾ ਬਪਤਿਸਮਾ ਇਕ ਹੁਕਮ ਦੇ ਰੂਪ ਵਿਚ ਮੰਨਿਆ ਜਾਂਦਾ ਹੈ (ਰਸੂਲਾਂ ਦੇ ਕੰਮ 10:48)। ਜਦ ਵੀ ਬਪਤਿਸਮਾ ਲੈਣ ਦਾ ਹੁਕਮ ਦਿੱਤਾ ਜਾਂਦਾ ਹੈ ਜਾਂ ਹੁਕਮ ਦੇ ਰੂਪ ਵਿਚ ਮੰਨਿਆ ਜਾਂਦਾ ਹੈ, ਤਾਂ ਇਹ ਬਪਤਿਸਮਾ ਪਾਣੀ ਦਾ ਹੀ ਹੋਣਾ ਚਾਹੀਦਾ ਹੈ। ਪਾਣੀ ਦਾ ਬਪਤਿਸਮਾ ਲੈਣਾ ਸਾਡੇ ਵੱਲੋਂ ਯਿਸੂ ਦੀ ਇੱਛਾ ਨੂੰ ਪੂਰਾ ਕਰਨ ਤੇ ਨਿਰਭਰ ਹੈ। ਪਵਿੱਤਰ ਆਤਮਾ ਦਾ ਬਪਤਿਸਮਾ ਯਿਸੂ ਦੀ ਇੱਛਾ ਤੇ ਨਿਰਭਰ ਸੀ। ਅੱਜ ਜੇ ਯਿਸੂ ਸਾਨੂੰ ਇਹ ਬਪਤਿਸਮਾ ਨਹੀਂ ਦਿੰਦਾ, ਤਾਂ ਇਹ ਸਾਡਾ ਕਸੂਰ ਨਹੀਂ ਹੈ ਬਲਕਿ ਉਹਦੀ ਮਰਜ਼ੀ ਹੈ। ਸਾਡੇ ਕੰਮਾਂ ਨਾਲ ਸਾਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਨਹੀਂ ਮਿਲ ਸਕਦਾ।

7. *ਪਵਿੱਤਰ ਆਤਮਾ ਦਾ ਬਪਤਿਸਮਾ ਕਿਸ ਨੂੰ ਮਿਲਿਆ ਅਤੇ ਪਾਣੀ ਦਾ ਬਪਤਿਸਮਾ ਕਿਸ ਨੂੰ ਮਿਲਿਆ?*

ਯਿਸੂ ਨੇ ਪੈਂਟੀਕਾਸਟ ਵਾਲੇ ਪਰਬ ਦੌਰਾਨ (ਰਸੂਲਾਂ ਦੇ ਕੰਮ 1:26–2:6, 14, 37) ਰਸੂਲਾਂ ਨੂੰ ਪਵਿੱਤਰ ਆਤਮਾ ਦੇਣ ਦਾ ਵਾਅਦਾ ਕੀਤਾ ਸੀ (ਰਸੂਲਾਂ ਦੇ ਕੰਮ 1:1–8)। (ਬਾਅਦ ਵਿਚ ਇਸ ਮੌਕੇ ਨੂੰ ''ਪਹਿਲਾਂ'' ਕਿਹਾ ਗਿਆ ਸੀ; ਰਸੂਲਾਂ ਦੇ ਕੰਮ 11:15)। ਉਸ ਨੇ ਕੁਰਨੇਲਿਉਸ ਦੇ ਘਰਾਣੇ ਨੂੰ ਵੀ ਪਵਿੱਤਰ ਆਤਮਾ ਦਾ ਬਪਤਿਸਮਾ ਦਿੱਤਾ ਸੀ (ਰਸੂਲਾਂ ਦੇ ਕੰਮ 11:15–18; ਵੇਖੋ 10:24)। ਬਾਈਬਲ ਵਿਚ ਪਵਿੱਤਰ ਆਤਮਾ ਦੇ ਬਪਤਿਸਮੇ ਦੀਆਂ ਸਿਰਫ਼ ਇਨ੍ਹਾਂ ਦੋਹਾਂ ਘਟਨਾਵਾਂ ਦਾ ਹੀ ਜ਼ਿਕਰ ਹੈ।

ਇਸ ਤੱਥ ਦੀ ਕੁਝ ਨਾ ਕੁਝ ਅਹਿਮੀਅਤ ਜ਼ਰੂਰ ਹੈ ਕਿ ਪਤਰਸ ਨੇ ਗ਼ੈਰ ਕੌਮਾਂ ਦੀ ਪਵਿੱਤਰ ਆਤਮਾ ਨਾਲ ਬਪਤਿਸਮਾ ਪਾਉਣ ਦੀ ਗਵਾਹੀ ਦੇਣ ਸਮੇਂ ਕਿਹਾ ਸੀ ਕਿ ''ਪਵਿੱਤਰ ਆਤਮਾ ਉਨ੍ਹਾਂ ਤੇ ਉੱਤਰਿਆ ਜਿਸ ਤਰ੍ਹਾਂ ਪਹਿਲਾਂ ਸਾਡੇ ਉੱਤੇ ਉੱਤਰਿਆ ਸੀ'' (ਰਸੂਲਾਂ ਦੇ ਕੰਮ 11:15)। ਉਸ ਨੇ ਇਹ ਨਹੀਂ ਕਿਹਾ ਕਿ ਆਤਮਾ ਉਨ੍ਹਾਂ ਤੇ ਇਵੇਂ ਉੱਤਰਿਆ ਜਿਵੇਂ ਨਵੇਂ ਬਣਨ ਵਾਲੇ ਹਰ ਮਸੀਹੀ ਤੇ ਉੱਤਰਦਾ ਰਹਿੰਦਾ ਸੀ। ਬਲਕਿ ਪਵਿੱਤਰ ਆਤਮਾ ਦੇ ਬਪਤਿਸਮੇ ਨੂੰ ਉਸ ਘਟਨਾ ਨਾਲ ਜੋੜਿਆ ਜਿਸ ਵਿਚ ਸ਼ੁਰੂ ਵਿਚ ਰਸੂਲਾਂ ਨੇ ਇਹ ਬਪਤਿਸਮਾ ਪਾਇਆ ਸੀ

(ਰਸੂਲਾਂ ਦੇ ਕੰਮ 2:4)।

ਇਸ ਨਾਲ ਸਹਿਮਤ ਹੋ ਕੇ, ਫ੍ਰੈਡ੍ਰਿਕ ਡੇਲ ਬਰੂਨਰ ਨੇ ਪਤਰਸ ਦੀ ਗੱਲ ਬਾਰੇ ਲਿਖਿਆ ਹੈ:

> ਉਹ ਜ਼ੋਰ ਦਿੰਦਾ ਹੈ ਕਿ ਪਵਿੱਤਰ ਆਤਮਾ ਕੁਰਨੇਲਿਉਸ ਦੇ ਪਰਿਵਾਰ ਤੇ ਉਵੇਂ ਹੀ ਉੱਤਰਿਆ ਸੀ ''ਜਿਵੇਂ ਪਹਿਲਾਂ ਸਾਡੇ ਤੇ'' (ਆਇਤ 15)। ਇਹ ਟਿੱਪਣੀ ਅਹਿਮ ਹੈ। ਪਤਰਸ ਇਹ ਨਹੀਂ ਕਹਿੰਦਾ ਕਿ ਪਵਿੱਤਰ ਆਤਮਾ ਕੁਰਨੇਲਿਉਸ ਦੇ ਪਰਿਵਾਰ ਤੇ ਉਵੇਂ ਹੀ ਉੱਤਰਿਆ ਜਿਵੇਂ ਸਭ ਤੇ ਉੱਤਰਦਾ ਹੈ। ਜੇ ਪਤਰਸ ਨੇ ਇਹ ਕਿਹਾ ਹੁੰਦਾ ਤਾਂ ਅਸੀਂ ਇਹ ਮੰਨ ਲੈਂਦੇ ਕਿ ਮੁੱਢਲੀ ਕਲੀਸੀਆ ਵਿਚ ਪਵਿੱਤਰ ਆਤਮਾ ਹਰ ਰੋਜ਼, ਜਾਂ ਘੱਟੋ ਘੱਟ ਆਮ ਤੌਰ ਤੇ ਬੋਲੀਆਂ ਬੋਲਣ ਨਾਲ ਦਿੱਤਾ ਜਾਂਦਾ ਸੀ। ਪਰ ਪਤਰਸ ਵੱਲੋਂ ਕੈਸਰੀਆ ਵਿਚ ਹੋਣ ਵਾਲੀ ਘਟਨਾ ਵਰਗੀ ਘਟਨਾ ਨੂੰ ਪਹਿਲਾਂ ਵਾਲੀ ਘਟਨਾ ਨਾਲ ਮਿਲਾਉਣਾ ਇਸ ਸੰਭਾਵਨਾ ਤੇ ਜ਼ੋਰ ਦਿੰਦਾ ਹੈ ਕਿ ਪੈਂਟੀਕਾਸਟ ਦੇ ਬਾਅਦ ਪੈਂਟੀਕਾਸਟ ਵਾਲੇ ਦਿਨ ਵਾਲੇ ਪ੍ਰਦਰਸ਼ਣ ਨਾ ਸਿਰਫ਼ ਗ਼ੈਰ ਮਾਮੂਲੀ ਸਨ ਬਲਕਿ ਆਮ ਲੋਕਾਂ ਨੂੰ ਉਨ੍ਹਾਂ ਦਾ ਪਤਾ ਵੀ ਨਹੀਂ ਹੋਵੇਗਾ।[1]

ਬਾਅਦ ਵਿਚ ਪਤਰਸ ਨੇ ਇਸ ਘਟਨਾ ਵੱਲ ਇਸ਼ਾਰਾ ਕਰਦਿਆਂ ਕਿਹਾ ਸੀ ਕਿ ''ਪਹਿਲੇ ਦਿਨਾਂ ਤੋਂ ਪਰਮੇਸ਼ੁਰ ਨੇ ਤੁਹਾਡੇ ਵਿੱਚੋਂ ਮੈਨੂੰ ਚੁਣਿਆ ਜੋ ਪਰਾਈਆਂ ਕੌਮਾਂ ਮੇਰੀ ਜ਼ਬਾਨੀ ਖੁਸ਼ਖ਼ਬਰੀ ਦਾ ਵਚਨ ਸੁਣਨ ਅਤੇ ਨਿਹਚਾ ਕਰਨ। ਅਤੇ ਪਰਮੇਸ਼ੁਰ ਨੇ ਜੋ ਅੰਤਰਯਾਮੀ ਹੈ ਜਿਹਾ ਸਾਨੂੰ ਤਿਹਾ ਹੀ ਤੁਹਾਨੂੰ ਵੀ ਪਵਿੱਤਰ ਆਤਮਾ ਦੇ ਕੇ ਉਨ੍ਹਾਂ ਉੱਤੇ ਸਾਖੀ ਦਿੱਤੀ'' (ਰਸੂਲਾਂ ਦੇ ਕੰਮ 15:7, 8)। ਯਰੂਸ਼ਲਮ ਵਿਚ ਭਾਈਆਂ ਨੂੰ ਇਹ ਸਮਝਾਉਣ ਲਈ ਕਿ ਗ਼ੈਰ ਕੌਮਾਂ ਉਸ ਨੂੰ ਕਬੂਲ ਕਰ ਲੈਣ, ਪਤਰਸ ਨੇ ਇਹ ਨਹੀਂ ਕਿਹਾ ਕਿ ਆਤਮਾ ਦਾ ਉੱਤਰਨਾ ਗ਼ੈਰ ਕੌਮਾਂ ਲਈ ਬਾਰ ਬਾਰ ਹੋਣ ਵਾਲੀ ਘਟਨਾ ਹੈ। ਇਸ ਦੇ ਉਲਟ ਉਸ ਨੇ ਇਸ ਨੂੰ ਗ਼ੈਰ ਕੌਮਾਂ ਲਈ ਹੋਣ ਵਾਲੀ ਇੱਕੋ ਵਾਰ ਦੀ ਘਟਨਾ ਨਾਲ ਮਿਲਾਉਣਾ ਜ਼ਰੂਰੀ ਸਮਝਿਆ। ਜਦ ਕੁਰਨੇਲਿਉਸ ਦੇ ਪਰਿਵਾਰ ਅਤੇ ਉਹਦੇ ਦੋਸਤਾਂ ਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਦਿੱਤਾ ਗਿਆ ਸੀ। ਇਨ੍ਹਾਂ ਕਾਰਣਾਂ ਨਾਲ ਇਹ ਨਿਚੋੜ ਕੱਢਿਆ ਜਾਣਾ ਚਾਹੀਦਾ ਹੈ ਕਿ ਪਵਿੱਤਰ ਆਤਮਾ ਦਾ ਬਪਤਿਸਮਾ ਦੇਣ ਦੀ ਗੱਲ ਜਾਰੀ ਰਹਿਣ ਵਾਲੀ ਨਹੀਂ ਸੀ, ਬਲਕਿ ਇਹ ਸਿਰਫ਼ ਦੋ ਮੌਕਿਆਂ ਤੇ ਹੀ ਦਿੱਤਾ ਗਿਆ ਸੀ: ਪੈਂਟੀਕਾਸਟ ਵਾਲੇ ਦਿਨ, ਜਦ ਰਸੂਲਾਂ ਨੂੰ ਪਵਿੱਤਰ ਆਤਮਾ ਨਾਲ ਬਪਤਿਸਮਾ ਦਿੱਤਾ ਗਿਆ ਸੀ ਅਤੇ ਜਦ ਗ਼ੈਰ ਕੌਮਾਂ ਲਈ ਮੁਕਤੀ ਦੇ ਰਾਹ ਸਭ ਤੋਂ ਪਹਿਲਾਂ ਖੁੱਲ੍ਹੇ ਸਨ। (ਸ਼ਾਇਦ ਤੀਜੀ ਵਾਰ ਵੀ ਦਿੱਤਾ ਗਿਆ ਸੀ, ਤਾਂ ਜੋ ਪੌਲੁਸ ਉਨ੍ਹਾਂ ਵੱਡੇ ਤੋਂ ਵੱਡੇ ਰਸੂਲਾਂ ਤੋਂ ਕਿਸੇ ਗੱਲ ਵਿਚ ਘੱਟ ਨਾ ਰਹੇ; 2 ਕੁਰਿੰਥੀਆਂ 12:11, 12)।

ਪਾਣੀ ਦਾ ਬਪਤਿਸਮਾ ਸਭ ਕੌਮਾਂ ਦੇ ਲੋਕਾਂ ਨੂੰ ਦਿੱਤਾ ਜਾਣਾ ਸੀ। ਪੜ੍ਹੋ ਰਸੂਲਾਂ ਦੇ ਕੰਮ 2:41; 8:12, 13, 38; 9:18; 10:48; 16:15, 33; 18:8; 19:5; 22:16. ਜ਼ਾਹਿਰ ਹੈ ਕਿ ਇਹ ਘਟਨਾਵਾਂ ਪਾਣੀ ਦੇ ਬਪਤਿਸਮੇ ਦੀਆਂ ਹੀ ਹਨ ਜਿਵੇਂ ਇਸ ਤੱਥ ਵਿਚ ਮਿਲਦਾ ਹੈ ਕਿ ਜਿਨ੍ਹਾਂ ਨੇ ਬਪਤਿਸਮਾ ਲਿਆ ਉਨ੍ਹਾਂ ਨੂੰ ਕਿਸੇ ਮਨੁੱਖ ਨੇ ਬਪਤਿਸਮਾ ਦਿੱਤਾ ਅਤੇ ਉਹ ਬਪਤਿਸਮਾ ਲੈਣ ਦਾ ਹੁਕਮ ਮੰਨ ਰਹੇ ਹਨ। ਪੱਤਰੀਆਂ ਵਿਚ ਹੋਰ ਲੋਕਾਂ ਦੇ ਬਪਤਿਸਮਾ ਲੈਣ ਦੀ ਗੱਲ ਵੀ ਮਿਲਦੀ ਹੈ (ਰੋਮੀਆਂ 6:3, 4; 1 ਕੁਰਿੰਥੀਆਂ 1:13–16; ਗਲਾਤੀਆਂ 3:27; ਅਫ਼ਸੀਆਂ 4:5; ਕੁਲੁੱਸੀਆਂ 2:12; 1 ਪਤਰਸ 3:21)।

8. *ਪਵਿੱਤਰ ਆਤਮਾ ਦੇ ਬਪਤਿਸਮੇ ਦਾ ਕੀ ਮਕਸਦ ਸੀ ਅਤੇ ਪਾਣੀ ਦੇ ਬਪਤਿਸਮੇ ਦਾ ਕੀ ਮਕਸਦ ਹੈ?*

ਪਵਿੱਤਰ ਆਤਮਾ ਨਾਲ ਬਪਤਿਸਮਾ ਦੇਣ ਦਾ ਮਕਸਦ ਰਸੂਲਾਂ ਨੂੰ ਸ਼ਕਤੀ ਦੇਣਾ (ਰਸੂਲਾਂ ਦੇ ਕੰਮ 1:8), ਵਚਨ ਦੀ ਤਸਦੀਕ ਕਰਨਾ (ਮਰਕੁਸ 16:20; ਇਬਰਾਨੀਆਂ 2:3, 4) ਅਤੇ ਯਿਸੂ ਦੀਆਂ ਗੱਲਾਂ ਜ਼ਾਹਿਰ ਕਰਨਾ ਸੀ (ਯੂਹੰਨਾ 14:26; 16:13)। ਇਸ ਨਾਲ ਰਸੂਲਾਂ ਨੂੰ ਯਿਸੂ ਦੇ ਖ਼ਾਸ ਨੁਮਾਇੰਦਿਆਂ ਦੇ ਰੂਪ ਵਿਚ ਤਿਆਰੀ ਹੋਈ, ਕਿਉਂਕਿ ਇਸ ਨਾਲ ਉਹ ਖ਼ਾਸ ਨਿਸ਼ਾਨਾਂ ਦੇ ਨਾਲ ਨਾਲ ਆਪਣੇ ਅਹੁਦੇ ਦੀ ਤਸਦੀਕ ਕਰਨ ਵਿਚ ਸਫ਼ਲ ਹੋਏ (2 ਕੁਰਿੰਥੀਆਂ 12:12)। ਗ਼ੈਰ ਕੌਮਾਂ ਦੇ ਮਾਮਲੇ ਵਿਚ ਖ਼ੁਦਾ ਨੇ ਇਸ ਬਪਤਿਸਮੇ ਨੂੰ ਯਹੂਦੀ ਮਸੀਹੀਆਂ ਵਿਚ ਇਹ ਸਾਬਤ ਕਰਨ ਲਈ ਵਰਤਿਆ ਕਿ ਗ਼ੈਰ ਕੌਮਾਂ ਦੇ ਲੋਕ ਵੀ ਇੰਜੀਲ ਨੂੰ ਕਬੂਲ ਕਰ ਸਕਦੇ ਹਨ ਅਤੇ ਉਨ੍ਹਾਂ ਦੀ ਇੱਜ਼ਤ ਪਹਿਲੇ ਦਰਜੇ ਦੇ ਮਸੀਹੀ ਲੋਕਾਂ ਵਿਚ ਕੀਤੀ ਜਾਣੀ ਚਾਹੀਦੀ ਹੈ (ਰਸੂਲਾਂ ਦੇ ਕੰਮ 10:47; 11:17; 15:7, 8)।

ਇਸ ਤੋਂ ਪਹਿਲਾਂ ਕਿ ਖ਼ੁਦਾ ਪਾਪ ਮਾਫ਼ ਕਰੇ (ਰਸੂਲਾਂ ਦੇ ਕੰਮ 2:38; ਕੁਲੁੱਸੀਆਂ 2:12, 13), ਪਾਪਾਂ ਨੂੰ ਧੋ ਸੁੱਟੇ (ਰਸੂਲਾਂ ਦੇ ਕੰਮ 22:16) ਅਤੇ ਪਾਪਾਂ ਤੋਂ ਬਚਾਵੇ (ਮਰਕੁਸ 16:16; 1 ਪਤਰਸ 3:21), ਪਾਪੀਆਂ ਲਈ ਜ਼ਰੂਰੀ ਹੈ ਕਿ ਉਹ ਵਿਸ਼ਵਾਸ ਨਾਲ ਪਾਣੀ ਦਾ ਬਪਤਿਸਮਾ ਲੈਣ।

9. *ਦੋਹਾਂ ਬਪਤਿਸਮਿਆਂ ਦੇ ਫ਼ੌਰਨ ਬਾਅਦ ਕੀ ਹੋਇਆ?*

ਪਵਿੱਤਰ ਆਤਮਾ ਦਾ ਬਪਤਿਸਮਾ ਪਾ ਕੇ ਰਸੂਲਾਂ ਨੇ ਮੋਅਜਜ਼ੇ ਕੀਤੇ ਅਤੇ ਉਨ੍ਹਾਂ ਨੂੰ ਖ਼ੁਦਾ ਦਾ ਵਚਨ ਸਿੱਧੇ ਤੌਰ ਤੇ ਦਿੱਤਾ ਗਿਆ ਸੀ (ਅਫ਼ਸੀਆਂ 3:3–5)। ਗ਼ੈਰ ਕੌਮਾਂ ਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਦਿੱਤਾ ਗਿਆ ਸੀ, ਇਸ ਕਰਕੇ ਪਤਰਸ ਉਨ੍ਹਾਂ ਨੂੰ ਬਪਤਿਸਮਾ ਦੇਣ ਲਈ ਤਿਆਰ ਸੀ (ਰਸੂਲਾਂ ਦੇ ਕੰਮ 10:47) ਜਿਸ ਨਾਲ ਉਹ ਬਚਾਏ ਜਾ ਸਕਣ (ਵੇਖੋ ਮਰਕੁਸ 16:16)। ਯਹੂਦੀ ਮਸੀਹੀ ਲੋਕਾਂ ਨੂੰ ਇਹ ਕਬੂਲ ਕਰਨ ਲਈ ਸਮਝਾਇਆ ਗਿਆ ਕਿ ਖ਼ੁਦਾ ਨੇ ਗ਼ੈਰ ਕੌਮਾਂ ਤੋਂ ਬਣੇ ਮਸੀਹੀਆਂ ਨੂੰ ਵੀ ਕਬੂਲ ਕਰ ਲਿਆ ਹੈ ਉਹ ਉਨ੍ਹਾਂ ਦੀ ਸੰਗਤੀ ਕਰ ਸਕਦੇ ਹਨ (ਰਸੂਲਾਂ ਦੇ ਕੰਮ 11:17, 18)।

ਪਾਣੀ ਦਾ ਬਪਤਿਸਮਾ ਲੈਣ ਨਾਲ ਉਨ੍ਹਾਂ ਨੂੰ ਪਾਪਾਂ ਦੀ ਮਾਫ਼ੀ (ਰਸੂਲਾਂ ਦੇ ਕੰਮ 2:38), ਨਵੀਂ ਜ਼ਿੰਦਗੀ (ਰੋਮੀਆਂ 6:4) ਅਤੇ ਉਸ ਇਕ ਦੇਹ (1 ਕੁਰਿੰਥੀਆਂ 12:13) ਭਾਵ ਮਸੀਹ ਦੀ ਕਲੀਸੀਆ (ਅਫ਼ਸੀਆਂ 1:22, 23) ਮਿਲੀ।

10. *ਦੋਹਾਂ ਬਪਤਿਸਮਿਆਂ ਦੇ ਫ਼ੌਰਨ ਬਾਅਦ ਕੀ ਹੋਇਆ?*

ਪਵਿੱਤਰ ਆਤਮਾ ਦਾ ਬਪਤਿਸਮਾ ਪਾਉਣ ਵਾਲੇ ਹੋਰ ਹੋਰ ਬੋਲੀਆਂ ਬੋਲਦੇ ਸਨ (ਰਸੂਲਾਂ ਦੇ ਕੰਮ 2:4; 10:45, 46)। ਜਿਨ੍ਹਾਂ ਨੂੰ ਪਾਣੀ ਦਾ ਬਪਤਿਸਮਾ ਮਿਲਿਆ ਸੀ (ਰਸੂਲਾਂ ਦੇ ਕੰਮ 8:39; 16:33, 34) ਉਹ ਅਨੰਦ ਕਰਦੇ ਸਨ।

ਇਨ੍ਹਾਂ ਦੋਹਾਂ ਬਪਤਿਸਮਿਆਂ ਦੀ ਸਮੀਖਿਆ ਕਰਦਿਆਂ ਅਸੀਂ ਵੇਖ ਸਕਦੇ ਹਾਂ ਕਿ ਅੱਜ ਸਭ ਲੋਕਾਂ ਲਈ ਕਿਹੜਾ ਬਪਤਿਸਮਾ ਦਿੱਤਾ ਜਾਂਦਾ ਹੈ ਅਤੇ ਲਾਗੂ ਹੈ। ਪਾਣੀ ਦਾ ਬਪਤਿਸਮਾ ਹਰ ਯੁੱਗ ਵਿਚ ਸਭ ਕੌਮਾਂ ਲਈ ਸੀ, ਜਦ ਕਿ ਪਵਿੱਤਰ ਆਤਮਾ ਦਾ ਬਪਤਿਸਮਾ ਸਿਰਫ਼ ਸੀਮਿਤ ਲੋਕਾਂ ਦੀ ਇਕ ਜਮਾਤ ਲਈ ਸੀ। ਪਾਣੀ ਦਾ ਬਪਤਿਸਮਾ ਬਚਾਏ ਜਾਣ ਦੀ ਖ਼ਾਹਿਸ਼ ਕਰਨ ਵਾਲੇ ਹਰ ਪਾਪੀ ਦੀ ਲੋੜ ਨੂੰ ਪੂਰਾ ਕਰਦਾ ਹੈ। ਪਵਿੱਤਰ ਆਤਮਾ ਦੇ ਬਪਤਿਸਮੇ ਨਾਲ

ਰਸੂਲਾਂ 'ਤੇ ਜਿਨ੍ਹਾਂ ਨੂੰ ਸਾਡੇ ਲਈ ਨਵੇਂ ਨੇਮ ਵਿਚ ਸੰਭਾਲ ਕੇ ਰੱਖ ਦਿੱਤਾ ਗਿਆ, ਮਸੀਹ ਦੀਆਂ ਗੱਲਾਂ ਜ਼ਾਹਿਰ ਕੀਤੀਆਂ ਗਈਆਂ ਅਤੇ ਉਨ੍ਹਾਂ ਦੀ ਤਸਦੀਕ ਹੋਈ। ਗ਼ੈਰ ਕੌਮਾਂ ਦੇ ਵਰਣਨ ਨਾਲ ਇਹ ਸਬੂਤ ਮਿਲਦਾ ਹੈ ਕਿ ਸਾਡੇ ਵਿੱਚੋਂ ਗ਼ੈਰ ਕੌਮਾਂ ਵਿੱਚੋਂ ਆਉਣ ਵਾਲੇ ਲੋਕ ਮਸੀਹ ਦੇ ਰਾਹੀਂ ਬਚਾਏ ਜਾ ਸਕਦੇ ਹਨ ਅਤੇ ਉਨ੍ਹਾਂ ਨੂੰ ਵੀ ਮਸੀਹੀ ਬਣਨ ਵਾਲੇ ਉਨ੍ਹਾਂ ਯਹੂਦੀਆਂ ਵਾਂਗ ਹੀ ਮੰਨਿਆ ਜਾਵੇਗਾ।

## ਸਾਰ

ਪਵਿੱਤਰ ਆਤਮਾ ਦੇ ਬਪਤਿਸਮੇ ਨਾਲ ਰਸੂਲਾਂ ਨੂੰ ਉਨ੍ਹਾਂ ਦੇ ਮਹਾਨ ਕੰਮ ਅਤੇ ਗ਼ੈਰ ਕੌਮਾਂ ਲਈ ਰਾਹ ਖੋਲ੍ਹਣ ਲਈ ਤਿਆਰੀ ਕਰਵਾਈ ਗਈ। ਉਹ ਮਕਸਦ ਪੂਰੇ ਹੋ ਚੁੱਕੇ ਹਨ, ਇਸ ਕਰਕੇ ਪਵਿੱਤਰ ਆਤਮਾ ਦੇ ਬਪਤਿਸਮੇ ਦਾ ਕੰਮ ਪੂਰਾ ਹੋ ਗਿਆ ਹੈ ਅਤੇ ਹੁਣ ਸਾਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਨਹੀਂ ਮਿਲਦਾ। ਅਜੇ ਵੀ ਪਾਣੀ ਦਾ ਬਪਤਿਸਮਾ ਹਰ ਕੌਮ ਲਈ ਜ਼ਰੂਰੀ ਹੈ ਇਸ ਕਰਕੇ ਉਹ ਉਨ੍ਹਾਂ ਸਭ ਲੋਕਾਂ ਲਈ ਹੈ ਜੋ ਯਿਸੂ ਦੇ ਰਾਹੀਂ ਬਚਾਏ ਜਾਣ ਦੀ ਚਾਹ ਕਰਦੇ ਹਨ।

ਟਿੱਪਣੀਆਂ

[1]ਫ੍ਰੈਡ੍ਰਿਕ ਡੇਲ ਬਰੂਨਰ, *ਏ ਥਿਓਲੋਜੀ ਆਫ਼ ਦ ਹੋਲੀ ਸਪਿਰਿਟ: ਦ ਪੈਂਟੀਕਾਸਟ ਐਕਸਪੀਰਿਐਂਸ ਐਂਡ ਦ ਨਿਊ ਟੈਸਟਾਮੈਂਟ ਵਿਟਨੈੱਸ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਨਸ ਪਬਲਿਸ਼ਿੰਗ ਕੰ., 1970), 194.

---

## ਬਪਤਿਸਮੇ ਦਾ ਅਰਥ

ਜੌਨ ਸਟੌਟ ਨੇ ਲਿਖਿਆ ਹੈ, ''ਪਹਿਲੀ ਗੱਲ ਤਾਂ, ਜਦ ਤਕ ਇਸ ਸੰਦਰਭ ਵਿਚ ਇਸ ਦੇ ਉਲਟ ਨਾ ਕਿਹਾ ਗਿਆ ਹੋਵੇ ਤਦ ਤਕ ਬਪਤਿਸਮੇ ਦਾ ਅਰਥ ਪਾਣੀ ਦਾ ਬਪਤਿਸਮਾ ਹੀ ਹੈ।... ਪਰ ਇਹ ਕਹਿਣਾ ਸੁਰੱਖਿਅਤ ਹੈ ਕਿ ਜਦ ਵੀ 'ਬਪਤਿਸਮਾ' ਅਤੇ 'ਬਪਤਿਸਮਾ ਦਿੱਤਾ ਜਾਣਾ' ਸ਼ਬਦ ਆਉਣ ਤਾਂ ਉਸ ਤੱਤ ਦੇ ਜ਼ਿਕਰ ਦੇ ਬਗ਼ੈਰ ਜਿਸ ਵਿਚ ਬਪਤਿਸਮਾ ਦਿੱਤਾ ਜਾਂਦਾ ਹੈ, ਇਹ ਪਾਣੀ ਦਾ ਬਪਤਿਸਮਾ ਹੀ ਹੈ। ਪਰ ਜਦ ਵੀ ਇਸ ਦਾ ਅਰਥ ਪਾਣੀ ਦਾ ਬਪਤਿਸਮਾ ਨਾ ਹੋਵੇ, ਤਾਂ ਬਪਤਿਸਮੇ ਦਾ ਬਦਲਵਾਂ ਤੱਤ ਦਿੱਤਾ ਜਾਂਦਾ ਹੈ; ਉਦਾਹਰਣ ਲਈ, 'ਆਤਮਾ ਨਾਲ।' ''[1]

ਇਸ ਨਾਲ ਐਲਬ੍ਰੇਟ ਓਪਕੇ ਸਹਿਮਤ ਹੈ: ''ਬਪਤਿਸਮੇ ਦੇ ਨਵੇਂ ਨੇਮ ਦੇ ਹਵਾਲੇ ਦੀ ਸੰਦਰਭ ਦੇ ਇਸ ਦੇ ਉਲਟ ਸੰਕੇਤ ਨਾ ਦੇਣ ਤੇ ਪਾਣੀ ਦੇ ਬਪਤਿਸਮੇ ਦੇ ਰੂਪ ਵਿਚ ਹੀ ਵਿਚਾਰੇ ਜਾਣੇ ਚਾਹੀਦੇ ਹਨ। ਤਕਨੀਕੀ ਤੌਰ ਤੇ ਬਪਤਿਸਮੇ ਦਾ ਅਰਥ 'ਪਾਣੀ ਵਿਚ ਬਪਤਿਸਮਾ ਦੇਣਾ' ਹੈ। ਇਸ ਕਰਕੇ ਮਾਪਿਆਂ ਸਾਫ਼ ਕੀਤਾ ਜਾਣਾ ਗ਼ੈਰ ਜ਼ਰੂਰੀ ਹੈ।''[2]

ਟਿੱਪਣੀਆਂ

[1]ਜੌਨ ਸਟੌਟ, *ਰੋਮਨਜ਼ ਗੌਡ'ਜ਼ ਗੁੱਡ ਨਿਊਜ਼ ਫ਼ਾਰ ਦ ਵਰਲਡ* (ਡਾਊਨਰਜ਼ ਗ੍ਰੋਵ, ਇਲੀਨੋਇਸ: ਇੰਟਰਵਰਸਿਟੀ ਪ੍ਰੈਸ, 1994), 173. [2]ਐਲਬ੍ਰੇਟ ਓਪਕੇ, ''*ਬੈਪਟਿਜ਼ੋ,*'' *ਥਿਓਲੋਜਿਕਲ ਡਿਕਸ਼ਨਰੀ ਆਫ਼ ਦ ਨਿਊ ਟੈਸਟਾਮੈਂਟ,* ਜਿਲਦ 1, ਸੰਪਾ. ਗਰਹਰਡ ਕਿੱਟਲ, ਅਨੁ. ਜ਼ਿਓਫ਼ਰੀ ਡਬਲਯੂ. ਬ੍ਰੋਮਿਲੇ, (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਨਸ ਪਬਲਿਸ਼ਿੰਗ ਕੰ., 1964), 539.